*Journal of Advances and Scholarly Researches in Allied Education*

*Vol. XI, Issue No. XXI, Apr-2016, ISSN 2230-7540*

REVIEW ARTICLE

# ਗੁਰੂ ਨਾਨਕ ਦੇਵ ਜੀ ਦੀ 'ਆਸਾ ਦੀ ਵਾਰ' ਵਿਚ ਵੀਰਤਾ ਦਾ ਸਰੂਪ

AN INTERNATIONALLY INDEXED PEER REVIEWED & REFEREED JOURNAL

# ਗੁਰੂ ਨਾਨਕ ਦੇਵ ਜੀ ਦੀ 'ਆਸਾ ਦੀ ਵਾਰ' ਵਿਚ ਵੀਰਤਾ ਦਾ ਸਰੂਪ

**Dr. Harjot Kaur***

Professor in Punjabi, Department of Distance Education, Punjabi University, Patiala

---------------------------------------- X ----------------------------------------

ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਕਰਕੇ ਆਦਿ ਕਾਲ ਤੋਂ ਹੀ ਯੁੱਧਾਂ-ਜੰਗਾਂ ਦਾ ਅਖਾੜਾ ਬਣਿਆ ਰਿਹਾ ਹੈ। ਭਾਰਤ ਉੱਪਰ ਹਮਲਾ ਕਰਨ ਵਾਲੇ ਹਰ ਧਾੜਵੀ ਨਾਲ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਲੋਹਾ ਲੈਣਾ ਪਿਆ। ਜਿਹੜੀ ਧਰਤੀ ਜੰਗਾਂ-ਯੁੱਧਾਂ ਦਾ ਅਖਾੜਾ ਹੋਵੇ, ਉਥੋਂ ਦੇ ਲੋਕ-ਮਨਾਂ ਅਤੇ ਸੱਭਿਆਚਾਰ ਵਿਚ ਦਲੇਰੀ, ਬਹਾਦਰੀ, ਵੀਰਤਾ ਅਤੇ ਅਣਖ ਵਰਗੇ ਅੰਸ਼ ਵਸ ਜਾਂਦੇ ਹਨ। ਪੰਜਾਬ ਦੇ ਲੋਕ ਅਣਖੀਲੇ ਸੁਭਾਅ ਕਾਰਨ ਯੁੱਧਾਂ ਵਿਚ ਬਹਾਦਰੀ ਨਾਲ ਲੜਦੇ ਰਹੇ ਹਨ। ਅਜਿਹੇ ਵਾਤਾਵਰਨ ਵਿਚ ਬੀਰ-ਰਸ ਅਤੇ ਵੀਰਤਾ ਨੂੰ ਪੇਸ਼ ਕਰਦੇ ਕਾਵਿ-ਰੂਪਾਂ ਦਾ ਮਹੱਤਵਪੂਰਨ ਹੋਣਾ ਸੁਭਾਵਿਕ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਵਾਰ ਕਾਵਿ ਪੰਜਾਬ ਦੇ ਲੋਕਾਂ ਦਾ ਹਰਮਨ ਪਿਆਰਾ ਕਾਵਿ ਰੂਪ ਰਿਹਾ ਹੈ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਾਰ ਕਾਵਿ ਧਾਰਾ ਇਕ ਵਿਸ਼ੇਸ਼ ਥਾਂ ਰੱਖਦੀ ਹੈ।

ਪੂਰਬ ਨਾਨਕ ਕਾਲ ਵਿਚ ਛੇ ਬੀਰ-ਰਸੀ ਵਾਰਾਂ ਦੀ ਰਚਨਾ ਦਾ ਹਵਾਲਾ ਮਿਲਦਾ ਹੈ ਅਤੇ ਨਾਨਕ ਕਾਲ ਵਿਚ ਵੀ ਬੀਰ ਰਸੀ ਵਾਰਾਂ ਦੀ ਰਚਨਾ ਜਾਰੀ ਰਹਿੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚੀ 'ਚੰਡੀ ਦੀ ਵਾਰ' ਬੀਰ ਰਸੀ ਕਾਵਿ ਪਰੰਪਰਾ ਦਾ ਉੱਤਮ ਨਮੂਨਾ ਮੰਨਿਆ ਜਾ ਸਕਦਾ ਹੈ। ਨਾਨਕ ਕਾਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨਾਲ ਵਾਰ ਕਾਵਿ ਧਾਰਾ ਵਿਚ ਅਧਿਆਤਮਕਵਾਦੀ ਵਾਰ ਰਚਨਾ ਦੀ ਪ੍ਰਵਿਰਤੀ ਪ੍ਰਵੇਸ਼ ਕਰਦੀ ਹੈ। ਜਿੱਥੇ ਪੂਰਬ ਲੜਨ ਤੇ ਮਰਨ ਵਾਲੇ ਸਾਹਸ ਨੂੰ ਵੀਰਤਾ ਦਰਸਾਇਆ ਗਿਆ ਹੈ, ਉਥੇ ਅਧਿਆਤਮਕ ਵਾਰਾਂ ਵਿਚ ਮਨੁੱਖ ਆਪਣੇ ਅੰਦਰਲੇ ਨਾਲ ਹੀ ਲੜਦਾ ਹੈ। ਆਪਣੇ ਮਨ 'ਤੇ ਜਿੱਤ ਪ੍ਰਾਪਤ ਕਰਦਾ ਹੋਇਆ ਪਰਮ ਸੱਚ ਵੱਲ ਵਧਦਾ ਹੈ। ਇਨ੍ਹਾਂ ਅਧਿਆਤਮਕਵਾਦੀ ਵਾਰਾਂ ਵਿਚ ਮਨੁੱਖ ਦੁਆਰਾ ਆਪਣੇ ਮਨ 'ਤੇ ਜਿੱਤ ਪ੍ਰਾਪਤ ਕਰਨਾ ਹੀ ਵੀਰਤਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ ਵਿਚੋਂ ਤਿੰਨ ਵਾਰਾਂ-ਆਸਾ ਵਾਰ, ਵਾਰ ਮਾਝ, ਵਾਰ ਮਲਾਰ ਮਹਲਾ ਪਹਿਲਾ ਅਧੀਨ ਦਰਜ ਹਨ, ਜੋ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਰਚੀਆਂ ਗਈਆਂ ਹਨ। ਇਨ੍ਹਾਂ ਵਾਰਾਂ ਨੂੰ ਪੰਜਾਬੀ ਅਧਿਆਤਮਕਵਾਦੀ ਵਾਰ ਪਰੰਪਰਾ ਦਾ ਆਦਿ ਬਿੰਦੂ ਵੀ ਮੰਨਿਆਂ ਜਾ ਸਕਦਾ ਹੈ। ਸੋ ਦਰਜ ਵਿਸ਼ੇ ਦੇ ਸਬੰਧ ਵਿਚ ਅਸੀਂ ਹਥਲੇ ਖੋਜ ਪੇਪਰ ਵਿਚ ਗੁਰੂ ਨਾਨਕ ਦੇਵ ਜੀ ਦੀ ਆਸਾ ਦੀ ਵਾਰ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰਾਂਗੇ।

'ਆਸਾ ਦੀ ਵਾਰ' ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ ਹੈ। ਗੁਰੂ ਜੀ ਨੇ ਇਸ ਬਾਣੀ ਵਿਚ ਜ਼ਿੰਦਗੀ ਦੇ ਲਗਭਗ ਹਰੇਕ ਪੱਖ 'ਤੇ ਵਿਚਾਰ ਕੀਤਾ ਹੈ। ਮਨੁੱਖਾ ਜੀਵਨ ਵਿਚ ਇਸ ਬਾਣੀ ਦੀ ਮਹੱਤਤਾ ਕਰਕੇ ਹੀ ਰੋਜ਼ਾਨਾ ਅੰਮ੍ਰਿਤ ਵੇਲੇ ਇਸ ਦਾ ਜਾਪ ਕੀਤਾ ਜਾਂਦਾ ਹੈ। ਸੋ ਜਿਥੇ ਇਹ ਬਾਣੀ ਕਲਾਤਮਿਕ ਤੌਰ 'ਤੇ ਉੱਤਮ ਦਰਜੇ ਦੀ ਰਚਨਾ ਹੈ, ਉਥੇ ਇਸ ਬਾਣੀ ਨਾਲ ਲੋਕ-ਮਨਾਂ ਦੀ ਸ਼ਰਧਾ ਵੀ ਜੁੜੀ ਹੋਈ ਹੈ। "ਇਸ ਵਿਚਲਾ ਮਨੁੱਖ, ਗੁਰਮੁਖ, ਆਪਣੇ ਅੰਦਰ ਦੀਆਂ ਢਾਹੂ ਬਿਰਤੀਆਂ ਨਾਲ ਜੂਝਦਾ ਹੋਇਆ ਉਨ੍ਹਾਂ ਉੱਤੇ ਕਾਬੂ ਪਾਉਣ ਦਾ ਯਤਨ ਕਰਦਾ ਹੈ ਅਤੇ ਹੋਰਨਾਂ ਲਈ ਪ੍ਰੇਰਨਾ-ਸਰੋਤ ਬਣਦਾ ਹੈ। ਇਹੀ ਉਸਦੀ ਵੀਰਤਾ ਹੈ ਤੇ ਉਸ ਦੀ ਸੂਰਮਤਾਈ ਵੀ।"[1] ਮਨੁੱਖ ਨੂੰ ਆਪਣੇ ਅੰਦਰੋਂ ਬਦੀ ਨੂੰ ਦੂਰ ਕਰਨ ਲਈ ਆਪਣੇ ਮਨ ਨੂੰ ਸੋਧਦੇ ਹੋਏ ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ ਨੂੰ ਹਰਾ ਕੇ ਜਿੱਤ ਪ੍ਰਾਪਤ ਕਰਨੀ ਪੈਂਦੀ ਹੈ। ਇਹ ਕਾਰਜ ਕੋਈ ਸੌਖਾ ਨਹੀਂ। ਇਹ ਜਿੱਤ ਬੜੀ ਦਲੇਰੀ ਤੇ ਸਾਹਸ ਨਾਲ ਪ੍ਰਾਪਤ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਆਪਣੀ ਇਸ ਬਾਣੀ ਰਾਹੀਂ ਮਨੁੱਖ ਦੇ ਮਨ ਵਿਚੋਂ ਮੌਤ ਦਾ ਡਰ ਕੱਢਣਾ ਚਾਹੁੰਦੇ ਹਨ। ਅਕਸਰ ਮਨੁੱਖ ਮੌਤ ਦੇ ਡਰ ਕਾਰਨ ਜਾਂ ਤਾਂ ਸਹਿਮ ਜਾਂਦਾ ਹੈ ਤੇ ਜਾਂ ਮੌਤ ਦਾ ਡਰ ਭੁਲਾ ਕੇ ਹੰਕਾਰੀ ਬਣ ਜਾਂਦਾ ਹੈ ਤੇ ਮਾੜੇ ਕਰਮ ਕਰਦਾ ਹੈ। ਗੁਰੂ ਜੀ ਇਸ ਗੱਲ 'ਤੇ ਵਿਚਾਰ ਕਰਦੇ ਹਨ ਕਿ ਮੌਤ ਅਟੱਲ ਸੱਚਾਈ ਹੈ। ਇਹ ਆ ਕੇ ਰਹਿਣੀ ਹੈ। ਫਿਰ ਮੌਤ ਤੋਂ ਕਿਉਂ ਡਰਿਆ ਜਾਵੇ, ਸਗੋਂ ਮੌਤ ਨੂੰ ਮਹਿਸੂਸ ਕਰਕੇ ਮਨ ਸਾਫ਼ ਰੱਖਣਾ ਚਾਹੀਦਾ ਹੈ ਤੇ ਆਪਣੇ ਆਪ ਨੂੰ ਇਸ ਧਰਤੀ ਦਾ ਮਹਿਮਾਨ ਸਮਝ ਕੇ ਭਲੇ ਕੰਮ ਕਰਨੇ ਚਾਹੀਦੇ ਹਨ। ਕਿਸੇ ਨਾਲ ਮੰਦਾ ਵਰਤਾਓ ਨਹੀਂ ਕਰਨਾ ਚਾਹੀਦਾ:

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਿਬ ਹੰਢੀਐ॥

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥

***

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥ [2]

'ਆਸਾ ਦੀ ਵਾਰ' ਵਿਚ ਵੀਰਤਾ ਦਾ ਪ੍ਰਮੁੱਖ ਪੱਖ ਹੰਕਾਰ 'ਤੇ ਕਾਬੂ ਪਾਉਣਾ ਹੈ। ਹੰਕਾਰੀ ਜੀਵ ਆਪਣੇ ਅੰਦਰੋਂ ਸਭ ਨੈਤਿਕ ਗੁਣ ਵਿਸਾਰ ਬੈਠਦਾ ਹੈ ਤੇ ਪ੍ਰਭੂ ਦੀ ਰਜ਼ਾ ਤੋਂ ਦੂਰ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਮਨੁੱਖ ਕਦੇ ਵੀ ਮਨ 'ਤੇ ਜਿੱਤ ਪ੍ਰਾਪਤ ਨਹੀਂ ਕਰ ਸਕਦਾ। ਹੰਕਾਰ ਨੂੰ ਮਾਰ ਕੇ ਹੀ ਪਰਮ ਸੱਚ ਦੀ ਪ੍ਰਾਪਤੀ ਵਾਲੀ ਵੀਰਤਾ ਵੱਲ ਵਧਿਆ ਜਾ ਸਕਦਾ ਹੈ। "ਗੁਰੂ ਨਾਨਕ-ਬਾਣੀ ਵਿਚ ਵੀਰ ਜਾਂ ਸੂਰਮਾ ਜਾਂ ਗੁਰਮੁਖ ਉਹੀ ਮੰਨਿਆ ਗਿਆ ਹੈ, ਜੋ ਹਉਮੈ ਉੱਤੇ ਕਾਬੂ ਪਾ ਕੇ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤ-ਸਾਲਾਹ ਕਬੂਲ ਪੈਂਦੀ ਹੈ। ਪ੍ਰਭੂ ਦੀ ਵਡਿਆਈ ਤੋਂ ਬਿਨਾਂ ਕੋਈ ਹੋਰ ਉੱਦਮ ਕਰਨਾ ਆਪਣੀ ਹਉਮੈ ਦੇ ਵਿਚਹੀ ਭਟਕਦੇ ਫਿਰਨਾ ਹੈ।"[3] ਗੁਰੂ ਜੀ ਫਰਮਾਉਂਦੇ ਹਨ:

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ [4]

'ਆਸਾ ਦੀ ਵਾਰ' ਵਿਚ ਵੀਰਤਾ ਦਾ ਅਗਲਾ ਪੱਖ ਕਰੋਧ 'ਤੇ ਜਿੱਤ ਪ੍ਰਾਪਤ ਕਰਨਾ ਹੈ। ਕਰੋਧ ਇਕ ਅਜਿਹਾ ਮਨੋ-ਵਿਕਾਰ ਹੈ, ਜੋ ਅੱਗ ਵਾਂਗ ਤੇਜ ਤੇ ਇਕ ਕੌੜਾ ਜਜ਼ਬਾ ਹੈ, ਜੋ ਮਨੁੱਖੀ ਮਨ ਦੀ ਚੰਗਿਆਈ ਨੂੰ ਸਾੜ ਕੇ ਰਾਖ ਕਰ ਦਿੰਦਾ ਹੈ। ਗੁਰੂ ਜੀ ਨੇ ਕਰੋਧ ਉੱਪਰ ਕਾਬੂ ਪਾਉਣਾ ਲਾਜ਼ਮੀ ਦੱਸਿਆ ਹੈ ਤਾਂ ਜੋ ਮਨੁੱਖੀ ਮਨ ਅੰਦਰ ਨਾਮ ਦੀ ਠੰਢ ਕਾਇਮ ਰਹੇ ਤੇ ਸਦਾਚਾਰਕ ਗੁਣਾਂ ਦੀ ਫਸਲ ਪੈਦਾ ਹੁੰਦੀ ਰਹੇ।

ਗੁਰੂ ਜੀ ਨੇ ਆਪਣੀ ਇਸ ਬਾਣੀ ਵਿਚ ਲੋਭ ਤੇ ਲਾਲਚ ਨੂੰ ਵੀ ਮਨੁੱਖੀ ਸ਼ਖ਼ਸੀਅਤ ਦਾ ਵੱਡਾ ਦੁਸ਼ਮਣ ਮੰਨਿਆ ਹੈ। ਦੁਨਿਆਵੀ ਝਮੇਲਿਆਂ ਵਿਚ

www.ignited.in

ਫਸੇ ਮਨੁੱਖ ਨੂੰ ਇਸ ਉੱਪਰ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। "ਗੁਰੂ ਨਾਨਕ ਦੇਵ ਜੀ ਅਨੁਸਾਰ ਮਨ ਦਾ ਸੂਤਕ ਲੋਭ ਹੈ। ਭਾਵ ਜਿਨ੍ਹਾਂ ਮਨੁੱਖਾਂ ਦੇ ਮਨ ਨੂੰ ਲੋਭ ਰੂਪੀ ਸੂਤਕ ਚੰਬੜਿਆ ਹੈ, ਜੀਭ ਨੂੰ ਝੂਠ ਰੂਪ ਸੂਤਕ ਹੈ, ਅੱਖਾਂ ਨੂੰ ਪਰਾਇਆ ਧਨ ਅਤੇ ਪਰਾਈਆਂ ਇਸਤ੍ਰੀਆਂ ਦਾ ਰੂਪ ਤੱਕਣ ਦਾ ਸੂਤਕ ਚੰਬੜਿਆ ਹੋਇਆ ਹੈ, ਜਿਹੜੇ ਕੰਨ ਲੋਕਾਂ ਦੀ ਚੁਗਲੀ ਸੁਣਦੇ ਹਨ, ਇਹੋ ਜਿਹੇ ਮਨੁੱਖ ਵੇਖਣ ਨੂੰ ਭਾਵੇਂ ਹੰਸਾਂ ਵਰਗੇ ਸੋਹਣੇ ਹੋਣ ਤਾਂ ਵੀ ਉਹ ਬੱਧੇ ਹੋਏ ਨਰਕ ਵਿਚ ਜਾਂਦੇ ਹਨ।"[5] ਗੁਰੂ ਜੀ ਫਰਮਾਉਂਦੇ ਹਨ ਕਿ ਇਹ ਸੂਤਕ ਨਿਰਾ ਭਰਮ ਹੀ ਹੈ। ਇਸ ਤੋਂ ਪ੍ਰਭੂ ਦੀ ਸ਼ਰਨ ਵਿਚ ਜਾ ਕੇ ਬਚਿਆ ਜਾ ਸਕਦਾ ਹੈ। ਜੋ ਸੱਚੇ ਗੁਰਮੁਖ ਹੁੰਦੇ ਹਨ, ਉਹ ਇਸ ਭਰਮ-ਭੁਲੇਖਿਆਂ ਤੋਂ ਬਚੇ ਰਹਿੰਦੇ ਹਨ:

ਮਨ ਕਾ ਸੂਤਕੁ ਲੋਭੁ ਹੈ ਜਿਹਬਾ ਸੂਤਕੁ ਕੂੜੁ॥

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥

ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥

***

ਸਭੋ ਸੂਤਕ ਭਰਮ ਹੈ ਦੂਜੈ ਲਗੈ ਜਾਇ॥

***

ਨਾਨਕ ਜਿਨੀ ਗੁਰਮਖਿ ਬੁਝਿਆ ਤਿਨਾ ਸੂਤਕੁ ਨਾਹਿ॥[6]

ਲੋਭ ਤੇ ਲਾਲਚ 'ਤੇ ਜਿੱਤ ਰੂਪੀ ਵੀਰਤਾ ਗੁਰੂ ਦੀ ਸਹਾਇਤਾ ਨਾਲ ਪ੍ਰਭੂ ਨਾਲ ਇੱਕ ਮਨ ਇੱਕ ਚਿੱਤ ਹੋ ਕੇ ਪ੍ਰਾਪਤੀ ਹੁੰਦੀ ਹੈ। "ਕਰਤਾਰ ਨੇ ਜੀਵ ਨੂੰ ਸਚੁ ਗ੍ਰਹਿਣ ਕਰਨ ਲਈ ਨਾਮ-ਸਿਮਰਨ ਲਈ ਪੈਦਾ ਕੀਤਾ ਹੈ ਪਰ ਇਹ ਮਾਇਕ ਭੋਗਾਂ ਵਿਚ ਫਸ ਕੇ ਜੀਵਨ ਵਿਅਰਥ ਗਵਾ ਲੈਂਦਾ ਹੈ। ਜਿਸ ਉੱਤੇ ਪ੍ਰਭੂ ਮੇਹਰ ਕਰੇ, ਉਸ ਨੂੰ ਗੁਰੂ ਮਿਲਾਉਂਦਾ ਹੈ। ਗੁਰੂ ਤੋਂ ਹੀ ਨਾਮ ਪ੍ਰਾਪਤ ਹੁੰਦਾ ਹੈ, ਜਿਸ ਦੀ ਬਰਕਤ ਨਾਲ ਉਸਦਾ ਜੀਵਨ ਉੱਚਾ ਹੋ ਜਾਂਦਾ ਹੈ। ਉਸ ਨੂੰ ਸਮਝ ਆ ਜਾਂਦੀ ਹੈ ਕਿ ਦੁਨੀਆਂ ਦੀਆਂ ਵਡਿਆਈਆਂ ਦਾ ਮਾਣ ਕੂੜਾ ਹੈ।"[7]

'ਆਸਾ ਦੀ ਵਾਰ' ਵਿਚ ਵੀਰਤਾ ਦਾ ਅਗਲੇਰਾ ਪੱਖ ਕਾਮ ਬਿਰਤੀ 'ਤੇ ਕਾਬੂ ਪਾਉਣਾ ਹੈ। "ਕਾਮ ਬਿਰਤੀ ਨੂੰ ਗੁਰਬਾਣੀ ਵਿਚ ਮਨਮੁੱਖ ਦੇ ਗੁਰੂ ਤੱਕ ਪਹੁੰਚਣ ਦੇ ਰਸਤੇ ਦੀ ਰੁਕਾਵਟ ਦੱਸਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਜਗਤ ਵਿਚ ਜੀਵਾਂ ਵਾਸਤੇ ਜੀਭ ਦਾ ਚਸਕਾ, ਮਾਨੋ ਰਾਜਾ ਹੈ, ਪਾਪ ਵਜ਼ੀਰ ਅਤੇ ਝੂਠ ਚੌਧਰੀ ਹੈ। ਇਸੇ ਲੱਬ ਤੇ ਪਾਪ ਦੇ ਦਰਬਾਰ ਵਿਚ ਕਾਮ ਨਾਇਬ ਹੈ।"[8] ਭਾਵ ਕਾਮ ਵੱਡਾ ਸਲਾਹਕਾਰ ਹੈ। ਸਭ ਬੁਰਾਈਆਂ ਕਾਮ ਦੀ ਪ੍ਰੇਰਨਾ ਤੋਂ ਪੈਦਾ ਹੁੰਦੀਆਂ ਹਨ। ਗੁਰੂ ਜੀ ਫਰਮਾਉਂਦੇ ਹਨ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[9]

ਮਨ ਅਤੇ ਕਾਮ ਦੀ ਜੰਗ ਵਿਚ ਉਹੀ ਮਨ ਜਿੱਤਦਾ ਹੈ, ਜੋ ਪ੍ਰਭੂ ਦੀ ਓਟ ਵਿਚ ਹੈ। ਇਹ ਓਟ ਪ੍ਰਭੂ ਦੀ ਮਿਹਰ ਸਦਕਾ ਹੀ ਮਿਲਦੀ ਹੈ:

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥

ਸਹਿ ਤੁਠੈ ਨਉ ਨਿਧਿ ਪਾਈਆ॥[10]

ਅਨੇਕਾਂ ਵਿਕਾਰਾਂ ਦੀ ਜੰਗ ਵਿਚ ਪ੍ਰਭੂ ਦੀ ਮਿਹਰ ਰੂਪੀ ਹਥਿਆਰ ਨਾਲ ਜਿੱਤਿਆ ਜਾ ਸਕਦਾ ਹੈ। ਜੋ ਮਨੁੱਖ ਮਨ ਵਿਚੋਂ ਵਿਕਾਰ ਮਾਰ ਲੈਂਦੇ ਹਨ, ਉਹੀ ਗੁਰਮੁੱਖ ਦਾ ਦਰਜਾ ਪ੍ਰਾਪਤ ਕਰਦੇ ਹਨ। ਗੁਰੂ ਜੀ ਫਰਮਾਉਂਦੇ ਹਨ ਕਿ ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ ਤਾਂ ਪਲ ਭਰ ਵਿਚ ਹੀ ਸਧਾਰਨ ਮਨੁੱਖ ਦੇਵਤਾ ਬਣ ਜਾਂਦਾ ਹੈ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ॥[11]

'ਆਸਾ ਦੀ ਵਾਰ' ਦੇ ਅਖ਼ੀਰ ਵਿਚ ਗੁਰੂ ਜੀ ਇਹ ਵੀ ਸਪੱਸ਼ਟ ਕਰਦੇ ਹਨ ਕਿ ਪ੍ਰਮਾਤਮਾ ਦੀ ਰਜ਼ਾ ਤੋਂ ਬਿਨਾਂ ਕੁਝ ਵੀ ਨਹੀਂ ਹੋ ਰਿਹਾ। ਜੋ ਹੋ ਰਿਹਾ ਹੈ, ਪ੍ਰਮਾਤਮਾ ਦੀ ਮਿਹਰ ਸਦਕਾ ਹੀ ਹੈ। ਪਾਪ ਤੇ ਪੁੰਨ ਸਭ ਉਸ ਮਾਲਕ ਦੀ ਨਜ਼ਰ ਵਿਚ ਵਾਪਰ ਰਿਹਾ ਹੈ:

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥

ਸੋ ਕਰੇ ਜਿ ਤਿਸੈ ਰਜਾਇ॥[12]

'ਆਸਾ ਦੀ ਵਾਰ' ਵਿਚ ਪ੍ਰਮਾਤਮਾ ਦੀ ਉਸਤਤ ਉੱਪਰ ਜ਼ੋਰ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਇਹ ਵਿਚਾਰ ਦਿੰਦੇ ਹਨ ਕਿ ਮਨਮੁੱਖ ਦੇ ਮੁਕਾਬਲੇ ਗੁਰਮੁਖ ਵਿਕਾਰਾਂ ਦਾ ਟਾਕਰਾ ਕਰਦਾ ਹੋਇਆ ਮਨ 'ਤੇ ਜਿੱਤ ਪ੍ਰਾਪਤ ਕਰਦਾ ਹੈ। ਅਸਲ ਵਿਚ ਗੁਰਮੁਖ ਹੀ ਇਸ ਵਾਰ ਦਾ ਨਾਇਕ ਹੈ, ਵੀਰ ਹੈ, ਜੋ ਵੀਰਤਾ ਨੂੰ ਪ੍ਰਾਪਤ ਕਰਦਾ ਹੈ। "ਆਸਾ ਦੀ ਵਾਰ ਵਿਚਲਾ ਵੀਰ ਜਾਂ ਗੁਰਮੁੱਖ ਉਹ ਹੀ ਹੈ, ਜੋ ਗੁਰੂ ਦੀ ਸਿੱਖਿਆ ਅਨੁਸਾਰ ਆਪਣੇ ਜੀਵਨ ਨੂੰ ਢਾਲਦਾ ਅਤੇ ਸਤਿਗੁਰ ਨੂੰ ਰੱਬੀ ਨੂਰ ਦਾ ਚਾਨਣ-ਮੁਨਾਰਾ ਅਨੁਭਵ ਕਰਦਾ ਹੈ। ਉਹ ਗੁਰੂ ਦੇ ਆਦੇਸ਼ਾਂ ਦਾ ਪਾਲਣ ਕਰਦਾ ਹੋਇਆ ਅਸਲੀ ਮਨੁੱਖ ਬਣਨ ਦਾ ਯਤਨ ਕਰਦਾ ਹੈ ਕਿਉਂਕਿ ਅਸਲੀ ਅਰਥਾਂ ਵਿਚ ਮਨੁੱਖ ਬਣਨਾ ਹੀ ਗੁਰਮੁਖ ਹੈ। ਗੁਰਮੁਖ ਉੱਤੇ ਉਸ ਦੇ ਭਲੇ ਕਰਮਾਂ ਅਨੁਸਾਰ ਪ੍ਰਮਾਤਮਾ ਦੀ ਕ੍ਰਿਪਾ ਹੁੰਦੀ ਹੈ ਤੇ ਉਹ ਸਤਿਗੁਰ ਦੀ ਸ਼ਰਨ ਵਿਚ ਚਲਾ ਜਾਂਦਾ ਹੈ ਅਤੇ ਗੁਰੂ ਸਿੱਖਿਆ ਨਾਲ ਆਪਣੇ ਜੀਵਨ ਨੂੰ ਸਵਾਰ ਲੈਂਦਾ ਹੈ।"[13]

ਸੋ ਇਸ ਜੰਗ ਵਿਚ ਬਹਾਦਰੀ ਨਾਲ ਲੜਨ ਵਾਲੇ ਯੋਧੇ ਦੀ ਥਾਂ ਨਾਇਕ ਇਕ ਗੁਰਮੁਖ ਹੈ, ਜੋ ਪ੍ਰਮਾਤਮਾ ਦੀ ਮਿਹਰ ਦਾ ਹਥਿਆਰ ਲੈ ਕੇ ਆਪਣੇ ਮਨ ਅੰਦਰਲੇ ਅਖਾੜੇ ਵਿਚ ਅਨੇਕਾਂ ਵਿਕਾਰਾਂ ਨਾਲ ਯੁੱਧ ਕਰਦਾ ਹੈ ਤੇ ਜਿੱਤ ਪ੍ਰਾਪਤ ਕਰਦਾ ਹੈ। ਇਹੀ ਜਿੱਤ 'ਆਸਾ ਦੀ ਵਾਰ' ਦੇ ਨਾਇਕ ਵੀਰ/ਗੁਰਮੁਖ ਦੀ ਵੀਰਤਾ ਹੈ।

## ਹਵਾਲੇ ਅਤੇ ਟਿੱਪਣੀਆਂ

ਨਰਿੰਦਰ ਨਿਰਛਲ (ਡਾ.), ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ, (ਸਰੂਪ ਅਤੇ ਵਿਸ਼ਲੇਸ਼ਣ), ਗੁਰਮਤਿ ਪ੍ਰਕਾਸ਼ਨ ਪਟਿਆਲਾ, 2006, ਪੰਨਾ-49.

ਗੁਰੂ ਗ੍ਰੰਥ ਸਾਹਿਬ, ਪੰਨਾ 473-474.

ਨਰਿੰਦਰ ਨਿਰਛਲ (ਡਾ.), ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ, (ਸਰੂਪ ਅਤੇ ਵਿਸ਼ਲੇਸ਼ਣ), ਗੁਰਮਤਿ ਪ੍ਰਕਾਸ਼ਨ ਪਟਿਆਲਾ, 2006, ਪੰਨਾ-51.

ਗੁਰੂ ਗ੍ਰੰਥ ਸਾਹਿਬ, ਪੰਨਾ 467.

ਨਰਿੰਦਰ ਨਿਰਛਲ (ਡਾ.), ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ, (ਸਰੂਪ ਅਤੇ ਵਿਸ਼ਲੇਸ਼ਣ), ਗੁਰਮਤਿ ਪ੍ਰਕਾਸ਼ਨ ਪਟਿਆਲਾ, 2006, ਪੰਨਾ-52.

ਗੁਰੂ ਗ੍ਰੰਥ ਸਾਹਿਬ, ਪੰਨਾ 472-473.

ਸਾਹਿਬ ਸਿੰਘ (ਟੀਕਾਕਾਰ) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ), ਰਾਜ ਪਬਲਿਸ਼ਰਜ, ਜਲੰਧਰ, 1963, ਪੰਨਾ-609.

ਨਰਿੰਦਰ ਨਿਰਛਲ (ਡਾ.), ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ, (ਸਰੂਪ ਅਤੇ ਵਿਸ਼ਲੇਸ਼ਣ), ਗੁਰਮਤਿ ਪ੍ਰਕਾਸ਼ਨ ਪਟਿਆਲਾ, 2006, ਪੰਨਾ-51.

ਗੁਰੂ ਗ੍ਰੰਥ ਸਾਹਿਬ, ਪੰਨਾ 467.

ਉਹੀ, ਪੰਨਾ-473

ਉਹੀ, ਪੰਨਾ-462-463

ਉਹੀ, ਪੰਨਾ-475

ਨਰਿੰਦਰ ਨਿਰਛਲ (ਡਾ.), ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ, (ਸਰੂਪ ਅਤੇ ਵਿਸ਼ਲੇਸ਼ਣ), ਗੁਰਮਤਿ ਪ੍ਰਕਾਸ਼ਨ ਪਟਿਆਲਾ, 2006, ਪੰਨਾ-55.

---

**Corresponding Author**

**Dr. Harjot Kaur***

Professor in Punjabi, Department of Distance Education, Punjabi University, Patiala

**E-Mail –**